## ਪੜਨਾਂਵ ਦੀਆਂ ਕਿਸਮਾਂ

ਪੜਨਾਂਵ ਛੇ ਤਰ੍ਹਾਂ ਦੇ ਹੁੰਦੇ ਹਨ -

1. ਪੁਰਖ-ਵਾਚਕ ਪੜਨਾਂਵ — ਜੋ ਸ਼ਬਦ ਸਾਨੂੰ ਕਿਸੇ ਪ੍ਰਾਣੀ ਜਾਂ ਪੁਰਖ ਦਾ ਗਿਆਨ ਕਰਵਾਉਂਦੇ ਹਨ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ – ਮੈਂ, ਤੂੰ, ਉਹ, ਅਸੀਂ, ਤੁਸੀਂ, ਉਹਨਾਂ ਆਦਿ।

ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ:-

(ੳ) ਉੱਤਮ ਪੁਰਖ (ਪਹਿਲਾ ਪੁਰਖ) — ਗੱਲ ਕਰਨ ਵਾਲ਼ੇ ਨੂੰ ਉੱਤਮ ਪੁਰਖ ਕਿਹਾ ਜਾਂਦਾ ਹੈ; ਜਿਵੇਂ : ਮੈਂ, ਅਸੀਂ, ਸਾਡਾ, ਸਾਥੋਂ ਆਦਿ।

(ਅ) ਮੱਧਮ-ਪੁਰਖ (ਦੂਜਾ ਪੁਰਖ) — ਜਿਸ ਨਾਲ਼ ਗੱਲ ਕੀਤੀ ਜਾਵੇ, ਉਹ ਮੱਧਮ ਪੁਰਖ ਹੁੰਦਾ ਹੈ; ਜਿਵੇਂ: ਤੂੰ, ਤੁਸੀਂ, ਤੁਹਾਡਾ ਆਦਿ

(ੲ) ਅਨਯ ਪੁਰਖ (ਤੀਜਾ ਪੁਰਖ) — ਜਿਸ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅਨਯ ਪੁਰਖ ਕਿਹਾ ਜਾਂਦਾ ਹੈ; ਜਿਵੇਂ : ਉਹ, ਉਸ ਦਾ, ਉਹਨਾਂ ਆਦਿ।

2. ਨਿੱਜ-ਵਾਚਕ ਪੜਨਾਂਵ — ਜਿਹੜਾ ਪੜਨਾਂਵ ਕਰਤਾ ਦੀ ਥਾਂ ਤੇ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ ! ਮੈਂ ਆਪ, ਆਪਸ ਆਦਿ

3. ਨਿਸ਼ਚੇਵਾਚਕ ਪੜਨਾਂਵ— ਉਹ ਪੜਨਾਂਵ ਜੋ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਨ ਲਈ ਵਰਤਿਆ ਜਾਵੇ, ਉਸ ਨੂੰ ਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ ! ਉਹ, ਇਹ, ਅਹੁ ਆਦਿ।

4. ਅਨਿਸ਼ਚੇਵਾਚਕ ਪੜਨਾਂਵ — ਜਿਸ ਪੜਨਾਂਵ ਤੋਂ ਕਿਸੇ ਵਸਤੂ ਦਾ ਅੰਦਾਜ਼ਾ ਤਾਂ ਲੱਗੇ ਪਰ ਉਸ ਦੀ ਪੱਕੀ ਗਿਣਤੀ ਦਾ ਪਤਾ ਨਾ ਲੱਗੇ, ਉਸ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ; ਜਿਵੇਂ ! ਕੁੱਝ, ਸਾਰੇ, ਕੋਈ, ਕਈ ਆਦਿ।



Scanned by CamScanner

5. ਸੰਬੰਧ-ਵਾਚਕ ਪੜਨਾਂਵ — ਜੋ ਸ਼ਬਦ ਪੜਨਾਂਵ ਵੀ ਹੋਣ ਤੇ ਨਾਲ਼ ਹੀ ਵਾਕਾਂ ਨੂੰ ਜੋੜਨ ਦਾ ਕੰਮ ਕਰਨ, ਉਹ ਸੰਬੰਧ-ਵਾਚਕ ਪੜਨਾਂਵ ਹੁੰਦੇ ਹਨ; ਜਿਵੇਂ: ਜੋ, ਜਿਸਨੇ ਆਦਿ

6. ਪ੍ਰਸ਼ਨ-ਵਾਚਕ ਪੜਨਾਂਵ — ਉਹ ਪੜਨਾਂਵ ਜੋ ਪ੍ਰਸ਼ਨ ਪੁੱਛਣ ਲਈ ਵਰਤਿਆ ਜਾਵੇ, ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ; ਜਿਵੇਂ: ਕੌਣ, ਕਿਸ, ਕਿਹੜਾ ਆਦਿ।

Scanned by CamScanner